PUBLIC GUARDIAN AND TRUSTEE OF BRITISH COLUMBIA

## ਬੀ.ਸੀ. ਦੇ ਅਡੱਲਟ ਗਾਰਡੀਅਨਸ਼ਿਪ ਦੇ ਕਾਨੂੰਨ:
ਬ੍ਰਿਟਿਸ਼ ਕੋਲੰਬੀਆ ਵਿਚ ਬਾਲਗਾਂ ਲਈ ਸਵੈ-ਨਿਰਣੇ ਦੀ ਹਿਮਾਇਤ ਕਰਨਾ

# ਆਪਣੇ ਭਵਿੱਖ ਲਈ ਵਿਉਂਤ ਬਣਾਉਣਾ

ਪਿਛਲੇ ਕਈ ਸਾਲਾਂ ਦੌਰਾਨ, ਅਸਮਰਥ ਹੋਣ ਵੇਲੇ ਲਈ ਕੀਤੀ ਜਾਣ ਵਾਲੀ ਵਿਉਂਤਬੰਦੀ ਦੇ ਕਾਨੂੰਨਾਂ ਵਿਚ ਕਈ ਤਬਦੀਲੀਆਂ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਵਿਚ, ਤੁਹਾਡੇ ਕੋਲ ਉਸ ਸਮੇਂ ਲਈ ਵਿਉਂਤ ਬਣਾਉਣ ਦਾ ਇਕ ਤੋਂ ਜ਼ਿਆਦਾ ਤਰੀਕਾ ਹੈ ਜਦੋਂ ਤੁਹਾਨੂੰ ਫੈਸਲੇ ਕਰਨ ਲਈ ਮਦਦ ਦੀ ਲੋੜ ਪੈ ਸਕਦੀ ਹੈ।

### ਮੇਰੀਆਂ ਚੋਣਾਂ ਕੀ ਹਨ?

ਦੋ ਵੱਖ ਵੱਖ ਕਾਨੂੰਨੀ ਦਸਤਾਵੇਜ਼ ਹਨ ਜਿਹੜੇ ਤੁਹਾਨੂੰ ਉਸ ਵਿਅਕਤੀ ਜਾਂ ਵਿਅਕਤੀਆਂ ਦੇ ਨਾਂ ਦੱਸਣ ਦੀ ਖੁੱਲ੍ਹ ਦਿੰਦੇ ਹਨ ਜਿਨ੍ਹਾਂ ਬਾਰੇ ਤੁਸੀਂ ਚਾਹੁੰਦੇ ਹੋ ਕਿ ਜੇ ਤੁਸੀਂ ਆਪਣੇ ਫੈਸਲੇ ਆਪ ਕਰ ਨਾ ਸਕਦੇ ਹੋਵੋ ਤਾਂ ਉਹ ਫੈਸਲੇ ਕਰਨ ਵਿਚ ਤੁਹਾਡੀ ਮਦਦ ਕਰਨ।

- ਇਨਡਿਊਰਿੰਗ ਪੌਵਰ ਆਫ ਅਟਾਰਨੀ – ਜਿਸ ਵਿਅਕਤੀ (ਵਿਅਕਤੀਆਂ) ਨੂੰ ਤੁਸੀਂ ਆਪਣਾ "ਅਟਾਰਨੀ" ਚੁਣਦੇ ਹੋ, ਉਸ ਨੂੰ ਤੁਹਾਡੇ ਮਾਇਕ ਅਤੇ ਕਾਨੂੰਨੀ ਮਾਮਲਿਆਂ ਬਾਰੇ ਫੈਸਲੇ ਕਰਨ ਦਾ ਹੱਕ ਦਿੰਦੀ ਹੈ।

- ਰੈਪਰੇਜ਼ਿਨਟੇਸ਼ਨ ਐਗਰੀਮੈਂਟ – ਤੁਹਾਨੂੰ ਕਿਸੇ "ਪ੍ਰਤੀਨਿਧ" ਨੂੰ ਥਾਪਣ ਦਿੰਦਾ ਹੈ ਜੋ ਕਿ ਤੁਹਾਡੇ ਮਾਇਕ ਅਤੇ ਕਾਨੂੰਨੀ ਮਾਮਲਿਆਂ ਨਾਲ ਸੰਬੰਧਿਤ ਅਤੇ ਇਸ ਦੇ ਨਾਲ ਹੀ ਤੁਹਾਡੀ ਸਿਹਤ ਅਤੇ ਨਿੱਜੀ ਇਲਾਜ ਦੇ ਫੈਸਲੇ ਕਰ ਸਕਦਾ ਹੈ।

ਇਨਡਿਊਰਿੰਗ ਪੌਵਰ ਆਫ ਅਟਾਰਨੀ (ਸਥਾਈ ਮੁਖਤਾਰਨਾਮਾ) ਅਤੇ ਰੈਪਰੇਜ਼ਿਨਟੇਸ਼ਨ ਐਗਰੀਮੈਂਟ (ਪ੍ਰਤੀਨਿਧਤਾ ਦਾ ਇਕਰਾਰਨਾਮਾ) ਬਣਾਉਣੇ ਅਤੇ ਵਰਤਣੇ ਬਹੁਤ ਸੌਖੇ ਹਨ। ਪਰ ਇਹ ਕਿਉਂਕਿ ਬਹੁਤ ਤਾਕਤਵਰ ਕਾਨੂੰਨੀ ਦਸਤਾਵੇਜ਼ ਹਨ, ਇਸ ਕਰਕੇ ਇਨ੍ਹਾਂ ਨੂੰ ਬਣਾਉਣ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰਨਾ ਚੰਗਾ ਖਿਆਲ ਹੈ।

### ਇਨਡਿਊਰਿੰਗ ਪੌਵਰ ਆਫ ਅਟਾਰਨੀ

ਬ੍ਰਿਟਿਸ਼ ਕੋਲੰਬੀਆ ਵਿਚ ਲੋਕ ਇਨਡਿਊਰਿੰਗ ਪੌਵਰ ਆਫ ਅਟਾਰਨੀ (ਸਥਾਈ ਮੁਖਤਾਰਨਾਮਾ) 1979 ਤੋਂ ਬਣਾਉਣ ਦੇ ਯੋਗ ਹੋਏ ਹਨ। ਇਨ੍ਹਾਂ ਨੂੰ ਸਥਾਈ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਤੁਹਾਡੇ ਅਸਮਰੱਥ ਹੋਣ ਨਾਲ ਖਤਮ ਨਹੀਂ ਹੁੰਦੇ। ਆਮ ਮੁਖਤਾਰਨਾਮੇ ਜਿਨ੍ਹਾਂ ਦੀ ਵਰਤੋਂ ਬਹੁਤ ਸਾਰੇ ਕਾਰੋਬਾਰੀ ਕੰਮਾਂ ਲਈ ਹੁੰਦੀ ਹੈ, ਕਿਸੇ ਦੇ ਅਸਮਰੱਥ ਹੋਣ 'ਤੇ ਅਯੋਗ ਹੋ ਜਾਂਦੇ ਹਨ।

ਇਨਡਿਊਰਿੰਗ ਪੌਵਰ ਆਫ ਅਟਾਰਨੀ ਅਧੀਨ ਆਪਣੇ ਮੁਖਤਾਰ ਦੀ ਚੋਣ ਬਹੁਤ ਧਿਆਨ ਨਾਲ ਕਰਨਾ ਮਹੱਤਵਪੂਰਨ ਹੈ।

ਜੇ ਭਵਿੱਖ ਵਿਚ ਕਿਸੇ ਵੇਲੇ ਤੁਸੀਂ ਆਪਣੀ ਦਿਮਾਗੀ ਸਮਰੱਥਾ ਗਵਾ ਬਹਿੰਦੇ ਹੋ ਤਾਂ ਅਦਾਲਤ ਦੇ ਆਰਡਰ ਤੋਂ ਬਿਨਾਂ ਤੁਹਾਡੇ ਸਥਾਈ ਇਕਰਾਰਨਾਮੇ ਨੂੰ ਕੈਂਸਲ ਨਹੀਂ ਕੀਤਾ ਜਾ ਸਕਦਾ।

ਤੁਹਾਨੂੰ ਇਸ ਚੀਜ਼ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ ਕਿ ਮੁਖਤਾਰਨਾਮੇ ਦੇ ਸਬੰਧ ਵਿਚ ਸ਼ਬਦ "ਅਟਾਰਨੀ" ਦਾ ਮਤਲਬ "ਵਕੀਲ" ਨਹੀਂ ਹੈ। ਕੋਈ ਵੀ ਸਮਰੱਥ ਬਾਲਗ (19 ਸਾਲ ਜਾਂ ਜ਼ਿਆਦਾ ਉਮਰ ਦਾ) ਪੌਵਰ ਆਫ ਅਟਾਰਨੀ ਵਿਚ ਅਟਾਰਨੀ ਬਣ ਸਕਦਾ ਹੈ। ਅਕਸਰ ਲੋਕ ਆਪਣੀਆਂ ਪਤਨੀਆਂ/ਆਪਣੇ ਪਤੀਆਂ ਨੂੰ ਅਟਾਰਨੀ ਬਣਾਉਂਦੇ ਹਨ ਪਰ ਕੋਈ ਵੀ ਭਰੋਸੇਯੋਗ ਬਾਲਗ, ਅਟਾਰਨੀ ਬਣਾਇਆ ਜਾ ਸਕਦਾ ਹੈ ਸ਼ਰਤ ਇਹ ਹੈ ਕਿ ਉਹ ਅਟਾਰਨੀ ਬਣਨ ਦਾ ਖਾਹਸ਼ਮੰਦ ਹੋਵੇ।

ਮੁਖਤਾਰਨਾਮਾ ਉਸ ਵਿਅਕਤੀ ਨੂੰ ਤੁਹਾਡੇ ਮਾਇਕ ਅਤੇ ਕਾਨੂੰਨੀ ਮਾਮਲਿਆਂ ਬਾਰੇ ਫੈਸਲੇ ਕਰਨ ਦਾ ਅਧਿਕਾਰ ਦਿੰਦਾ ਹੈ ਜਿਸ ਨੂੰ ਤੁਸੀਂ ਆਪਣਾ ਅਟਾਰਨੀ ਬਣਾਉਂਦੇ ਹੋ। ਤੁਹਾਡਾ ਅਟਾਰਨੀ ਅਜਿਹੀਆਂ ਚੀਜ਼ਾਂ ਕਰ ਸਕਦਾ ਹੈ ਜਿਸ ਵਿਚ ਤੁਹਾਡੀ ਤਰਫੋਂ ਆਮਦਨ ਪ੍ਰਾਪਤ ਕਰਨਾ ਅਤੇ ਬਿੱਲ ਦੇਣਾ, ਤੁਹਾਡੀ ਪ੍ਰਾਪਰਟੀ ਜਾਂ ਚੀਜ਼ਾਂ ਨੂੰ ਖਰੀਦਣਾ ਅਤੇ ਵੇਚਣਾ, ਅਤੇ ਤੁਹਾਡੇ ਨਾਂ ਹੇਠ ਕਾਨੂੰਨੀ ਕਾਰਵਾਈ ਕਰਨਾ ਵੀ ਸ਼ਾਮਲ ਹੈ।

ਮੁਖਤਾਰਨਾਮਾ ਤੁਹਾਡੇ ਅਟਾਰਨੀ ਨੂੰ ਤੁਹਾਡੀ ਸਿਹਤ ਨਾਲ ਸੰਬੰਧਿਤ ਫੈਸਲੇ ਕਰਨ ਦਾ ਹੱਕ ਨਹੀਂ ਦਿੰਦਾ ਜਾਂ ਇਹ ਫੈਸਲੇ ਕਰਨ ਦਾ ਹੱਕ ਨਹੀਂ ਦਿੰਦਾ ਕਿ ਤੁਸੀਂ ਕਿੱਥੇ ਰਹੋਗੇ।

## ਰੈਪਰੇਜ਼ਿਨਟੇਸ਼ਨ ਐਗਰੀਮੈਂਟ

ਰੈਪਰੇਜ਼ਿਨਟੇਸ਼ਨ ਐਗਰੀਮੈਂਟ (ਪ੍ਰਤੀਨਿਧਤਾ ਦੇ ਇਕਰਾਰਨਾਮੇ) ਦੋ ਕਿਸਮਾਂ ਦੇ ਹਨ। "ਆਮ ਸ਼ਕਤੀਆਂ" ਵਾਲਾ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਤੁਹਾਡੇ ਪ੍ਰਤੀਨਿਧ ਨੂੰ ਤਕਰੀਬਨ ਹਰ ਕਿਸਮ ਦੇ ਉਹ ਫੈਸਲੇ ਕਰਨ ਦਿੰਦਾ ਹੈ ਜਿਹੜੇ ਤੁਸੀਂ ਆਪਣੇ ਲਈ ਕਰ ਸਕਦੇ ਸੀ। ਇਸ ਵਿਚ ਤੁਹਾਡਾ ਘਰ ਵੇਚਣ ਜਾਂ ਇਲਾਜ ਕਰਵਾਉਣ ਤੋਂ ਨਾਂਹ ਕਰਨ ਵਰਗੇ ਫੈਸਲੇ ਵੀ ਸ਼ਾਮਲ ਹਨ। "ਸੀਮਤ ਸ਼ਕਤੀਆਂ" ਵਾਲਾ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਫੈਸਲਿਆਂ ਦੀਆਂ ਕਿਸਮਾਂ ਨੂੰ ਸੀਮਤ ਕਰਦਾ ਹੈ ਜਿਸ ਦੀ ਤੁਹਾਡੇ ਪ੍ਰਤੀਨਿਧ ਨੂੰ ਕਰਨ ਦੀ ਆਗਿਆ ਹੈ। ਸੀਮਤ ਸ਼ਕਤੀਆਂ ਵਾਲੇ ਪ੍ਰਤੀਨਿਧ ਰੋਜ਼ਾਨਾ ਕੰਮ ਕਾਰੀ ਫੈਸਲੇ ਕਰਦੇ ਹਨ ਜਿਵੇਂ ਕਿ ਬਿੱਲ ਦੇਣਾ ਅਤੇ ਗੈਰ-ਅਸਾਧਾਰਣ ਇਲਾਜ ਲਈ ਸਹਿਮਤੀ ਦੇਣਾ।

ਆਮ ਸ਼ਕਤੀਆਂ ਵਾਲਾ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਬਣਾਉਣ ਲਈ ਤੁਹਾਡਾ ਆਪਣੇ ਪ੍ਰਤੀਨਿਧੀ ਨੂੰ ਹੱਕ ਦੇਣ ਕਾਰਨ ਨਿਕਲਣ ਵਾਲੇ ਨਤੀਜਿਆਂ ਨੂੰ ਸਮਝਣ ਦੇ ਪੂਰੀ ਤਰ੍ਹਾਂ ਯੋਗ ਹੋਣਾ ਜ਼ਰੂਰੀ ਹੈ। ਸੀਮਤ ਸ਼ਕਤੀਆਂ ਵਾਲਾ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਬਣਾਉਣ ਲਈ ਤੁਹਾਡਾ ਪੂਰੀ ਤਰ੍ਹਾਂ ਯੋਗ ਹੋਣਾ ਜ਼ਰੂਰੀ ਨਹੀਂ ਹੈ।

ਕੁਝ ਲੋਕ ਇਕ ਨਾਲੋਂ ਜ਼ਿਆਦਾ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਬਣਾਉਣ ਦੀ ਚੋਣ ਕਰਦੇ ਹਨ। ਅਜਿਹਾ ਆਮ ਤੌਰ 'ਤੇ ਇਸ ਕਰਕੇ ਹੈ ਕਿਉਂਕਿ ਉਹ ਆਪਣੇ ਮਾਇਕ ਪ੍ਰਤੀਨਿਧੀ ਨੂੰ ਦਿੱਤੀਆਂ ਜਾਣ ਵਾਲੀਆਂ ਹਿਦਾਇਤਾਂ ਨੂੰ ਸਿਹਤ ਪ੍ਰਤੀਨਿਧੀ ਨੂੰ ਦਿੱਤੀਆਂ ਜਾਣ ਵਾਲੀਆਂ ਹਿਦਾਇਤਾਂ ਨਾਲੋਂ ਅੱਡ ਰੱਖਣਾ ਚਾਹੁੰਦੇ ਹਨ। ਕੁਝ ਲੋਕ ਆਪਣੇ ਪ੍ਰਤੀਨਿਧੀ ਵਜੋਂ ਇਕ ਨਾਲੋਂ ਜ਼ਿਆਦਾ ਵਿਅਕਤੀਆਂ ਨੂੰ ਨਿਯੁਕਤ ਕਰਦੇ ਹਨ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਹਾਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਜੇ ਪ੍ਰਤੀਨਿਧੀਆਂ ਵਿਚਕਾਰ ਅਸਹਿਮਤੀ ਹੋ ਜਾਵੇ ਤਾਂ ਫੈਸਲੇ ਕਿਵੇਂ ਕੀਤੇ ਜਾਣੇ ਚਾਹੀਦੇ ਹਨ।

## ਜੇ ਮੇਰੇ ਕੋਲ ਪਹਿਲਾਂ ਹੀ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਜਾਂ ਇਨਡਿਊਰਿੰਗ ਪੌਵਰ ਆਫ ਅਟਾਰਨੀ ਹੋਵੇ ਤਾਂ ਕੀ ਹੋਵੇਗਾ?

ਜੇ ਤੁਸੀਂ ਪਹਿਲਾਂ ਹੀ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਕੀਤਾ ਹੋਇਆ ਹੈ ਜਾਂ ਇਨਡਿਊਰਿੰਗ ਪੌਵਰ ਆਫ ਅਟਾਰਨੀ ਬਣਾਈ ਹੋਈ ਹੈ ਤਾਂ ਤੁਸੀਂ ਇਸ ਨੂੰ ਨਿਡਸ ਰਜਿਸਟਰੀ ਕੋਲ ਰਜਿਸਟਰ ਕਰਵਾ ਸਕਦੇ ਹੋ ਜਿਸ ਦਾ ਪ੍ਰਬੰਧ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਰੀਸੋਰਸ ਸੈਂਟਰ ਵਲੋਂ ਚਲਾਇਆ ਜਾਂਦਾ ਹੈ।

ਤੁਹਾਡੇ ਲਈ ਅਸਮਰੱਥ ਹੋਣ ਵੇਲੇ ਲਈ ਕੀਤੀ ਜਾਣ ਵਾਲੀ ਵਿਉਂਤਬੰਦੀ ਦੇ ਆਪਣੇ ਪੇਪਰਾਂ 'ਤੇ ਨੇਮ ਨਾਲ ਵਿਚਾਰ ਕਰਦੇ ਰਹਿਣਾ ਜ਼ਰੂਰੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਤੁਹਾਡੀ ਇੱਛਾਵਾਂ ਦਾ ਅਕਸ ਦਿਖਾਉਣਾ ਜਾਰੀ ਰੱਖ ਰਹੇ ਹਨ।

## ਮੈਨੂੰ ਜ਼ਿਆਦਾ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

ਜ਼ਿਆਦਾ ਜਾਣਕਾਰੀ ਇਨ੍ਹਾਂ ਤੋਂ ਮਿਲਦੀ ਹੈ:

- ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਵੈੱਬਸਾਈਟ - www.trustee.bc.ca

- ਰੈਪਰੇਜ਼ਿਨਟੇਸ਼ਨ ਐਗਰੀਮੈਂਟ ਰੀਸੋਰਸ ਸੈਂਟਰ – www.rarc.ca
  ਟੈਲੀਫੋਨ: (604) 408-7414
  ਫੈਕਸ: (604) 801-5506
  ਈਮੇਲ: info@rarc.ca

- ਪੀਪਲਜ਼ ਲਾਅ ਸਕੂਲ – www.publiclegaled.bc.ca
  ਟੈਲੀਫੋਨ: (604) 331-5400
  ਫੈਕਸ: (604) 331-5401
  ਈਮੇਲ: staff@publiclegaled.bc.ca

- ਕੈਨੇਡੀਅਨ ਬਾਰ ਐਸੋਸੀਏਸ਼ਨ, ਬੀ ਸੀ ਬਰਾਂਚ,
  ਲੌਈਅਰ ਰੈਫਰੈਲ ਸਰਵਿਸ - www.bccba.org

ਵਕੀਲ ਲੱਭਣ ਦਾ ਇਕ ਸੌਖਾ ਅਤੇ ਸਸਤਾ ਤਰੀਕਾ। ਓਪਰੇਟਰ ਤੁਹਾਨੂੰ ਕਿਸੇ ਅਜਿਹੇ ਵਕੀਲ ਬਾਰੇ ਦੱਸਣਗੇ ਜਿਹੜਾ ਤੁਹਾਡੀ ਕਿਸਮ ਦੀਆਂ ਕਾਨੂੰਨੀ ਸਮੱਸਿਆਵਾਂ ਦੇ ਕੇਸ ਲੈਂਦਾ ਹੈ ਅਤੇ ਉਹ ਤੁਹਾਨੂੰ 30 ਮਿੰਟਾਂ ਤੱਕ ਦੀ ਪਹਿਲੀ ਇੰਟਰਵਿਊ ਲਈ 25 ਡਾਲਰ ਦੀ ਫੀਸ ਲੈ ਕੇ ਮਿਲ ਸਕਦਾ ਹੈ। ਇਹ ਇਕ ਅਜਿਹੀ ਸਰਵਿਸ ਹੈ ਜਿਹੜੀ ਸੀ ਬੀ ਏ ਬੀ ਸੀ ਬਰਾਂਚ ਵਲੋਂ ਚਲਾਈ ਜਾਂਦੀ ਹੈ ਅਤੇ ਇਸ ਨੂੰ ਫੰਡ ਲਾਅ ਫਾਉਂਡੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਤੋਂ ਮਿਲਦੇ ਹਨ।

ਟੈਲੀਫੋਨ: (604) 687-3221 ਲੋਅਰ ਮੇਨਲੈਂਡ ਵਿਚ ਜਾਂ ਦੂਰੋਂ 1-800-663-1919 ’ਤੇ ਮੁਫਤ ਫੋਨ ਕਰੋ।

ਜੂਨ 2005